JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਪਰਵਾਸ ਦਾ ਪੰਜਾਬੀ ਸੱਭਿਆਚਾਰ ਉੱਤੇ ਪੈ ਰਿਹਾ ਪ੍ਰਭਾਵ

ਪੀ. ਐੱਚ. ਡੀ. (ਪੰਜਾਬੀ)
ਖੋਜਾਰਥੀ
ਜਸਦੀਪ ਕੌਰ
ਰੋਲ ਨੰਬਰ 21380171007
ਨਿਗਰਾਨ – ਡਾ. ਗੁਰਵਿੰਦਰ ਕੌਰ

ਇਸ ਅਧਿਐਨ ਵਿੱਚ ਅਸੀਂ ਪਰਵਾਸ ਦਾ ਪੰਜਾਬੀ ਸੱਭਿਆਚਾਰ ਤੇ ਪੈ ਰਿਹਾ ਪ੍ਰਭਾਵ ਬਾਰੇ ਚਰਚਾ ਕਰਾਂਗੇ ਅਤੇ ਇਸ ਵਿੱਚ ਪਰਵਾਸ ਕਾਰਨ ਸਾਡੇ ਵਾਤਾਵਰਨ ਉੱਤੇ ਆਏ ਪਰਿਵਰਤਨਾ ਬਾਰੇ ਵੀ ਜਿਕਰ ਕੀਤਾ ਜਾਵੇਗਾ ਅਤੇ ਪਰਵਾਸ ਕਾਰਨ ਸਾਨੂੰ ਕਿਹੜੀਆਂ-ਕਿਹੜੀਆਂ ਪਰਸਥਿਤੀਆਂ ਵਿੱਚੋਂ ਗੁਜਰਨਾ ਪਿਆ ਅਤੇ ਸਾਡੇ ਜੀਵਨ ਤੇ ਇਸ ਨੇ ਕਿਸ ਤਰ੍ਹਾਂ ਦਾ ਪ੍ਰਭਾਵ ਪਾਇਆ ਹੈ। ਇਸ ਬਾਰੇ ਵੀ ਅਸੀਂ ਚਰਚਾ ਕਰਾਂਗੇ। ਵਿਦੇਸ਼ਾ ਵਿੱਚ ਰਹਿੰਦੇ ਪੰਜਾਬੀਆਂ ਦੀ ਔਕੜਾ ਅਤੇ ਪਰਵਾਸੀ ਸੱਭਿਆਚਾਰ ਕਿਸ ਤਰ੍ਹਾਂ ਸਾਡੀਆਂ ਨਸਲਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਬਾਰੇ ਵੀ ਗੱਲਾਂ ਕਰਾਂਗੇ।

**ਸਿਰਲੇਖ ਪਰਵਾਸ, ਪੰਜਾਬੀ ਸੱਭਿਆਚਾਰ**

## ਭੂਮਿਕਾ

**ਪਰਵਾਸ** – ਪਰਵਾਸ ਸ਼ਬਦ ਪਰ+ਵਾਸ ਦੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆਂ ਹੈ। ਜਿਸ ਦਾ ਭਾਵ ਦੂਸਰਾ ਅਤੇ ਪਰਾਇਆ ਹੁੰਦਾ ਹੈ। ਆਪਣਾ ਦੇਸ਼ ਛੱਡ ਦੂਜੇ ਦੇਸ਼ ਵਿੱਚ ਰਹਿਣ ਵਾਲੇ ਵਸਨੀਕ ਨੂੰ ਪਰਵਾਸੀ ਕਿਹਾ ਜਾਂਦਾ ਹੈ। ਉਹ ਵਿਅਕਤੀ ਆਪਣਾ ਦੇਸ਼ ਤਿਆਗ ਕੇ ਅਣਮਿੱਥੇ ਸਮੇਂ ਲਈ ਵਿਦੇਸ਼ ਚਲਾ ਜਾਂਦਾ ਹੈ ਅਤੇ ਦੁਚਿੱਤੀ ਵਿੱਚ ਰਹਿੰਦਾ ਹੈ ਕਿ ਉਹ ਪੱਕੇ ਤੌਰ ਤੇ ਵਸ ਜਾਵੇ ਜਾਂ ਫਿਰ ਵਾਪਸ ਆਪਣੇ ਦੇਸ਼ ਚਲਾ ਜਾਵੇ, ਪਰ ਫਿਰ ਵੀ ਉਸ ਦਾ ਆਪਣਾ ਦੇਸ਼ ਵਿੱਚ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਉਸ ਨੂੰ ਪਰਵਾਸੀ ਕਿਹਾ ਜਾਂਦਾ ਹੈ।

ਪਰਵਾਸ ਧਾਰਨ ਕਰਨ ਦੇ ਉਸ ਦੇ ਕਈ ਕਾਰਣ ਹੋ ਸਕਦੇ ਹਨ, ਇੱਕ ਤਾਂ ਜਦੋਂ ਉਸ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੁੰਦੀ, ਜਾਂ ਫਿਰ ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਲਈ, ਜਾਂ ਫਿਰ ਸੁੱਖ ਸਹੂਲਤਾ ਨੂੰ ਮਾਣਨ ਲਈ ਵੀ ਉਹ ਪਰਵਾਸ ਧਾਰਨ ਕਰਦਾ ਹੈ। ਜਦੋਂ ਉਹ ਪਰਵਾਸ ਧਾਰਨ ਕਰਦਾ ਹੈ ਤਾਂ ਉਹ ਆਪਣਾ ਸੱਭਿਆਚਾਰ ਛੱਡ ਕੇ ਦੂਸਰੇ ਦੇਸ਼ ਦਾ ਸੱਭਿਆਚਾਰ ਅਪਣਾਉਂਦਾ ਹੈ ਤਾਂ ਉਸ ਨੂੰ ਕਈ ਪ੍ਰਕਾਰ ਦੀਆਂ ਸਮੱਸਿਆਵਾ ਦਾ ਸਾਹਮਣਾ ਕਰਨਾ ਪੈਂਦਾ ਹੈ।

**ਪਰਵਾਸ ਦਾ ਸੱਭਿਆਚਾਰ ਤੇ ਪ੍ਰਭਾਵ** – ਪੰਜਾਬ ਦੇ ਸਮਾਜ ਵਿਚ ਪਰਵਾਸੀ ਪੰਜਾਬੀਆਂ ਨੇ ਆਪਣੀ ਵੱਖਰੀ ਪਹਿਚਾਣ ਬਣਾ ਲਈ ਹੈ। ਕੋਈ ਸਮਾਂ ਸੀ ਜਦੋਂ ਸਿਰਫ ਦੁਆਬੇ ਦੇ ਖੇਤਰ ਤੋਂ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਦੀ ਬਾਹਰ ਜਾਣ ਦੀ ਪ੍ਰਕਿਰਿਆ ਸ਼ੁਰੂ ਹੋਈ ਸੀ। ਪਰ ਅੱਜ ਹਰ ਖੇਤਰ ਦੇ ਲੋਕਾਂ ਵਿੱਚ ਬਾਹਰ ਜਾਣ ਦੀ ਚਾਹਤ ਹੈ। ਇੱਕ ਸਮਾਂ ਸੀ ਜਦੋਂ ਪੰਜਾਬ ਦੇ ਲੋਕ ਸਿਰਫ ਖੇਤੀ ਨੂੰ ਹੀ ਆਪਣਾ ਜਰੂਰੀ ਕਿੱਤਾ ਸਮਝਦੇ ਸਨ। ਜਿਵੇਂ ਕਿ ਇੱਕ ਕਹਾਵਤ ਵੀ ਪ੍ਰਚਲਿਤ ਹੈ "ਉੱਤਮ ਖੇਤੀ ਮੱਧਮ ਵਿਉਪਾਰ ਤੇ ਨੀਚ ਚਾਕਰੀ।" ਪਰ ਇਸ ਦੇ ਨਾਲ-ਨਾਲ ਪੰਜਾਬ ਦੇ ਸੱਭਿਆਚਾਰ ਵਿੱਚ ਕਮਾਈ ਕਰਕੇ ਵਾਪਿਸ ਆਪਣੇ ਦੇਸ਼ ਪਰਤਣ ਦਾ ਰਿਵਾਜ ਸੀ। ਕੋਈ ਅਜਿਹਾ ਟਾਇਮ ਵੀ ਸੀ ਕਿ ਪਿੰਡ ਤੋਂ ਬਾਹਰ ਜਾਣਾ ਵੀ ਇੱਦਾ ਲੱਗਦਾ ਸੀ। ਜਿਵੇਂ ਕੋਈ ਬੰਦਾ ਬਾਹਰਲੇ ਦੇਸ਼ ਚਲਾ ਗਿਆ ਹੋਵੇ। ਹੋਲੀ ਹੋਲੀ ਮਨੁੱਖ ਦੀਆ ਇੱਛਾਵਾ,

ਪਰਸਥਿਤੀਆਂ ਨੇ ਸਾਡੇ ਮਨਾ ਤੇ ਅਜਿਹਾ ਗਹਿਰਾ ਪ੍ਰਭਾਵ ਪਾਇਆ ਕਿ ਅਜਿਹੀ ਚੇਤਨਾ ਨੇ ਸਾਡੇ ਸੱਭਿਆਚਾਰ ਨੂੰ ਕਾਫੀ ਪ੍ਰਭਾਵਿਤ ਕੀਤਾ। ਇਹ ਪ੍ਰਭਾਵ ਹਰ ਪ੍ਰਕਾਰ ਤੋਂ ਸਾਨੂੰ ਦੇਖਣ ਨੂੰ ਮਿਲਦਾ ਹੈ। ਜਦੋ ਅਸੀਂ ਇੱਕ ਸੱਭਿਆਚਾਰ ਦਾ ਦੂਜੇ ਸੱਭਿਆਚਾਰ ਉੱਤੇ ਪ੍ਰਭਾਵ ਦੀ ਗੱਲ ਕਰਦੇ ਹਾਂ ਤਾਂ ਸਾਡੇ ਸਾਡੇ ਘੇਰੇ ਵਿੱਚ ਲੋਕਾਂ ਦਾ ਵਿਵਹਾਰ ਆ ਜਾਂਦਾ ਹੈ। ਉਹ ਚਾਹੇ ਗਿਆਨ, ਵਿਸ਼ਵਾਸ, ਕਲਾ, ਕਾਨੂੰਨ, ਰੀਤੀ ਰਿਵਾਜ, ਭਾਸ਼ਾ, ਆਦਤਾਂ, ਰਹਿਣ ਸਹਿਣ ਜਾਂ ਖਾਣ ਪੀਣ ਆਦਿ ਉੱਤੇ ਵੀ ਅਧਾਰਿਤ ਹੋ ਸਕਦਾ ਹੈ।

**ਧਰਮ ਤੇ ਵਿਸ਼ਵਾਸ** – ਪੰਜਾਬੀ ਸੱਭਿਆਚਾਰ ਦਾ ਸੁਭਾਅ ਸ਼ੁਰੂ ਤੋਂ ਹੀ ਧਰਮ ਨਾਲ ਸੰਬੰਧਿਤ ਰਿਹਾ ਹੈ। ਕਿਉਂਕਿ ਰੀਤੀ-ਰਿਵਾਜ਼, ਵਿਸ਼ਵਾਸ਼ ਆਦਿ ਸਭ ਧਰਮ ਦੇ ਅਧੀਨ ਹੀ ਆ ਜਾਂਦੇ ਹਨ। ਪਰ ਅੱਜ ਕੱਲ ਪਰਵਾਸ ਕਾਰਨ ਜਾਂ ਆਧੁਨਿਕਤਾ ਕਾਰਨ ਲੋਕਾਂ ਦਾ ਇਹ ਅੰਗ ਟੁੱਟਦਾ ਜਾ ਰਿਹਾ ਹੈ। ਅੱਜ ਲੋਕ ਵੱਖ-ਵੱਖ ਧਰਮਾ ਵਿੱਚ ਵਿਸ਼ਵਾਸ ਕਰਨ ਲੱਗੇ ਹਨ। ਅੱਜ ਕੱਲ ਲੋਕਾਂ ਨੇ ਰੱਬ ਦੀ ਮਹਿਮਾ ਵਾਲਾ ਹਿੱਸਾ ਹੀ ਆਪਣੇ ਜੀਵਨ ਵਿੱਚੋਂ ਬਾਹਰ ਕਰ ਦਿੱਤਾ ਹੈ ਅਤੇ ਮਸ਼ੀਨੀ ਯੁੱਗ ਨੂੰ ਰੱਬ ਬਣਾ ਲਿਆ ਹੈ। ਇਹ ਪ੍ਰਭਾਵ ਵੀ ਕਾਫੀ ਦੇਖਣ ਨੂੰ ਮਿਲਦਾ ਹੈ।

**ਰਿਸਤਿਆ ਤੇ ਪੈ ਰਿਹਾ ਪ੍ਰਭਾਵ** – ਪਰਵਾਸ ਦਾ ਪ੍ਰਭਾਵ ਅੱਜ ਕੱਲ ਸਾਡੇ ਰਿਸ਼ਤਿਆ ਤੇ ਵੀ ਦੇਖਣ ਨੂੰ ਮਿਲਦਾ ਹੈ। ਸਮਾਜਿਕ ਰਿਸ਼ਤਿਆ ਤੇ ਪਰਿਵਾਰਿਕ ਸੰਬੰਧਾ ਵਿੱਚ ਕਾਫੀ ਅੰਤਰ ਦੇਖਣ ਨੂੰ ਮਿਲਦਾ ਹੈ। ਜਿਵੇਂ ਚਾਚਾ, ਤਾਇਆ, ਮਾਮਾ, ਮਾਸੜ, ਫੁੱਫੜ, ਸਭ ਦੀ ਜਗਾਂ ਸਿਰਫ ਇੱਕ ਸ਼ਬਦ 'ਅਕਲ' ਨੇ ਲਈ ਹੈ, ਅਤੇ ਚਾਚੀਆਂ, ਤਾਈਆ, ਮਾਮੀਆ 'ਆਟੀਆ' ਬਣ ਕੇ ਰਹਿ ਗਈਆਂ ਹਨ, ਅਤੇ ਵਿਆਹ ਪ੍ਰਬੰਧ ਵਿੱਚ ਵੀ ਕਾਫੀ ਅਤਰ ਆਇਆ ਹੈ। ਜਿੱਥੇ ਪਹਿਲਾ ਮੁੰਡਾ-ਕੁੜੀ ਇੱਕ ਦੂਜੇ ਨੂੰ ਦੇਖਣਾ ਵੀ ਪਾਪ ਸਮਝਦੇ ਸਨ। ਅਜਕੱਲ ਤਾਂ ਪਿਆਰ ਵਿਆਹ ਨੂੰ ਵੀ ਮਾਨਤਾ ਮਿਲ ਗਈ ਹੈ।

**ਪਹਿਰਾਣਾ ਅਤੇ ਭਾਸ਼ਾ ਤੇ ਪ੍ਰਭਾਵ** – ਪਰਵਾਸ ਦੇ ਦੌਰਾਨ ਸਾਡੇ ਪਹਿਰਾਵੇ ਅਤੇ ਭਾਸ਼ਾ ਵਿੱਚ ਵੀ ਕਾਫੀ ਭਿੰਨਤਾ ਆਈ ਹੈ ਜਿਵੇਂ ਕਿ ਸਾਡੇ ਸੱਭਿਆਚਾਰ ਮੁੱਖ ਅੰਗ ਦੁਪੱਟਾ ਤੇ ਪੱਗ ਹੈ ਪਰ ਅਜ ਦੇ ਸੱਭਿਆਚਾਰ ਨੇ ਸਾਡੇ ਤੋਂ ਸਾਡੇ ਇਹ ਜਰੂਰੀ ਹਿੱਸੇ ਵੀ ਖੋਹ ਲਏ ਹਨ। ਸਾਡੇ ਪਰਵਾਸ ਤੇ ਅੱਜ ਕੁੜੀਆ ਦੁਆਰਾ ਪੱਛਮੀ ਪਹਿਰਾਵੇ ਤੇ ਜਿਆਦਾ ਜੋਰ ਦਿੱਤਾ ਜਾਂਦਾ ਹੈ ਅਤੇ ਮੁੰਡਿਆ ਵਿੱਚ ਵੀ ਇਸਦੀ ਝਲਕ ਬਹੁਤ ਜਿਆਦਾ ਮਾਤਰਾ ਵਿੱਚ ਦੇਖਣ ਨੂੰ ਮਿਲਦੀ ਹੈ।ਸਾਡੇ ਸੱਭਿਆਚਾਰ ਵਿੱਚ ਹੁਣ ਸਿਰ ਢੱਕਣ ਦਾ ਰਿਵਾਜ਼ ਵੀ ਨਹੀਂ ਰਿਹਾ ਅਤੇ ਭਾਸ਼ਾ ਦੇ ਪੱਖ ਤੋਂ ਵੀ ਕਾਫੀ ਜਿਆਦਾ ਪਰਿਵਰਤਨ ਦੇਖਣ ਨੂੰ ਮਿਲਦਾ ਹੈ ਅੱਜ ਕੱਲ ਅਸੀਂ ਪੱਛਮੀ ਭਾਸ਼ਾ ਅੰਗਰੇਜ਼ੀ ਨੂੰ ਜਿਆਦਾ ਮੱਹਤਵ ਦੇ ਰਹੇ ਹਾਂ ਅਤੇ ਆਪਣੀ ਮਾਤਾ ਭਾਸ਼ਾ ਨੂੰ ਭੁੱਲਦੇ ਜਾ ਰਹੇ ਹਾਂ ਅੱਜ-ਕੱਲ ਸਾਡੇ ਸਕੂਲਾਂ ਤੇ ਕਾਲਜਾਂ ਤੇ ਵੀ ਪੱਛਮੀ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਸਾਡਾ ਪਹਿਰਾਵਾ ਤੇ ਸਾਡੀ ਭਾਸ਼ਾ ਅੱਜ-ਕੱਲ ਪੱਛਮੀ ਦੇਸ਼ਾ ਵਾਂਗ ਹੁੰਦੀ ਜਾਂ ਰਹੀ ਹੈ।

**ਖਾਣ-ਪੀਣ** – ਪਰਵਾਸ ਦਾ ਪ੍ਰਭਾਵ ਸਾਡੇ ਖਾਣ-ਪੀਣ ਤੇ ਵੀ ਕਾਫੀ ਜਿਆਦਾ ਪਿਆ ਹੈ। ਸਾਡੇ ਪੰਜਾਬੀਆ ਦੀ ਖੁਰਾਕ ਦਿਨ ਵਿੱਚ ਚਾਰ-ਚਾਰ ਵਾਰ ਹੁੰਦੀ ਸੀ ਉਹ ਰੱਜ ਕੇ ਖਾਂਦੇ ਸਨ। ਪਹਿਲਾ ਸਵੇਰੇ, ਦੁਪਹਿਰ , ਲੌਢਾ ਵੇਲਾ, ਤ੍ਰਿਕਾਲਾ ਵੇਲਾ ਹਰ ਸਮੇਂ ਪੰਜਾਬੀ ਰੱਜ ਕੇ ਖਾਂਦੇ ਸਨ ਪਰ ਅੱਜ ਕੱਲ ਤਾਂ ਸਵੇਰੇ ਬਰੈਂਡ ਟੀ ਜਾਂ ਬਰੇਕਫਾਸਟ ਅਤੇ ਦੁਪਹਿਰ ਨੂੰ ਲੰਚ ਤੇ ਸ਼ਾਮ ਨੂੰ ਡਿੱਨਰ ਨ ਲੈ ਲਈ ਹੈ ਅਤੇ ਫਾਸਟ ਫੂਡ ਨੇ ਭਾਰਤ ਵਿੱਚ ਵੀ ਆਪਣੇ ਪੈਰ ਜਮ੍ਹਾਂ ਲਏ ਹਨ। ਨਾ ਹੀ ਕੋਈ ਸੱਤੂ ਪੀਦਾ ਹੈ ਨਾ ਹੀ ਕੋਈ ਸ਼ਰਬਤ ਨਾ ਹੀ ਕੋਈ ਨੰਢਿਆਈ ਬਹੁਤ ਲੋਕ ਤਾਂ ਇਨ੍ਹਾ ਬਾਰੇ ਜਾਣਦੇ ਹੀ ਨਹੀਂ ਹਨ। ਸਾਡੀਆ ਚੰਗੀਆਂ ਖੁਰਾਕਾਂ ਤਾਂ ਹੁਣ ਖਤਮ ਹੀ ਹੋ ਗਈਆ ਹਨ। ਹੁਣ ਤ ਇਹ ਸਿਰਫ ਲੋਕ ਗੀਤਾਂ ਵਿੱਚ ਮਿਲਦੀਆ ਹਨ। ਜਿਵੇ:-

"ਕੰਗਣਾ ਵਾਲੀ ਦੁੱਧ ਰਿੜਕੇ
ਵਿਚੋਂ ਮੱਖਣ ਝਾਤੀਆ ਮਾਰੇ"

**ਵਿਦੇਸ਼ਾ ਵਿੱਚ ਵਸਦੇ ਪੰਜਾਬੀਆ ਦੀਆਂ ਸੱਭਿਆਚਾਰਿਕ ਅਕੌੜਾ** – ਜਦੋਂ ਕੋਈ ਵੀ ਕੌਮ ਕਿਸੇ ਉਪਰੇ ਜਾਂ ਬੇਗਾਨੇ ਸੱਭਿਆਚਾਰ ਵਿੱਚ ਵਿਚਰਨ ਲੱਗਦੀ ਨਹੈ ਤਾਂ ਉਹ ਥੌੜਾ ਬਹੁਤਾ ਅਸਰ ਤਾਂ ਉਸ ਉੱਪਰ ਉਪਰੇ ਸੱਭਿਆਚਾਰ ਦਾ ਪੈਂਦਾ ਹੈ ਅਤੇ ਉਸਦੀ ਵਿਚਾਰਧਾਰਾ ਵਿੱਚ ਅਨੇਕਾਂ ਤਬਦੀਲੀਆ ਆਉਂਦੀਆ ਹਨ। ਇਸ ਤਰ੍ਹਾਂ ਦਾ ਅਸਰ ਹੀ ਸਾਡੇ ਪਰਵਾਸੀ ਪੰਜਾਬੀਆ ਦੇ ਦੇਖਣ ਨੂੰ ਵੀ ਮਿਲਦਾ ਹੈ। ਪਰਵਾਸ ਦੀ ਚਕਾ-ਚੌਂਦ ਵਾਲੀ ਜਿੰਦਗੀ, ਓਤੇ ਸੁੱਖ ਸਹੂਲਤਾ ਨੇ ਪਰਵਾਸੀਆਂ ਨੂੰ ਆਪਣੇ ਦੇਸ਼ ਤੋਂ ਤੋੜ ਕੇ ਰੱਖ ਦਿੱਤਾ ਹੈ ਜਿਸ ਬਾਰੇ ਸਾਡੇ ਪੰਜਾਬ ਦੇ ਸਾਹਿਤਕਾਰ ਕਾਫੀ ਫਿਕਰ ਵਿੱਚ

ਹਨ। ਵਿਸ਼ੇ ਲਈ ਹੀ ਸ਼ਾਇਦ ਪ੍ਰਗਤੀਸ਼ੀਲ ਲਿਖਾਰੀ ਨੇ ਸਭਾ ਵਿੱਚ ਸ.ਸ.ਮੀਸ਼ਾ ਦੀ ਨਜ਼ਮ ਨੂੰ ਪੇਸ਼ ਕੀਤਾ ਸੀ :-

ਪੱਤੀ ਪੱਤੀ ਵਲੂੰਧਰੀ ਗਈ
ਉਸ ਦੀ
'ਸਰਫ' ਕਰਦਾ ਸੀ ਜਿਹੜੇ
ਪੰਜਾਬ ਦੀ ਗੱਲ।

ਬਾਹਰ ਪ੍ਰਦੇਸ਼ਾ ਵਿੱਚ ਬੈਠੇ ਪੰਜਾਬੀ ਉਪਰੇ ਦੇਸ਼ ਵਿੱਚ ਰਹਿ ਕੇ ਵੀ ਸੱਭਿਆਚਾਰਿਕ ਮੁਸ਼ਕਿਲਾ ਦੇ ਬਾਵਜੂਦ ਪੰਜਾਬ ਦੀ ਸੁੱਖ ਹੀ ਮੰਗਦੇ ਹਨ ਅਤੇ ਫੀਰੋਜ਼ਦੀਨ ਸ਼ਰਫ ਦੀ ਇਹ ਸਤਰ ਗੁਣਗਾਉਂਦੇ ਹਨ:-

ਸੁਹਣੇ ਦੇਸ਼ਾ ਵਿੱਚੋ ਦੇਸ਼ ਪੰਜਾਬ
ਨੀ ਸਈਓ
ਸੁਹਣੇ ਫੁੱਲਾਂ ਵਿੱਚੋ ਫੁੱਲ ਗੁਲਾਬ
ਨੀ ਸਈਓ।

**ਟੁੱਟ ਰਹੇ ਪਰਿਵਾਰ ਤੇ ਪ੍ਰਭਾਵ** – ਪਰਵਾਸ ਦੇ ਅਧਾਰ ਤੇ ਜੋ ਮਨੁੱਖ ਸਮੱਸਿਆ ਸਾਡੇ ਸਾਹਮਣੇ ਆਉਂਦੀ ਹੈ ਉਹ ਹੈ ਕਿ ਪਰਿਵਾਰਾਂ ਦਾ ਟੁੱਟਣਾ, ਜਿਸ ਕਾਰਨ ਵਿਆਹ ਸੰਸਥਾ ਹੁਣ ਖਤਰੇ ਵਿੱਚ ਖੜੀ ਹੈ। ਪਰਵਾਸੀ ਪੰਜਾਬੀ ਜਦੋਂ ਪਰਵਾਸ ਵਿੱਚੋ ਗਏ ਉਸ ਸਮੇਂ ਪਰਿਵਾਰਾ ਵਿੱਚ ਪਿਆਰ ਅਤੇ ਭਾਵਨਾਵਾਂ ਪੂਰੀ ਤਰ੍ਹਾਂ ਕਾਇਮ ਸਨ ਅਤੇ ਉਸ ਸਾਝੇ ਪਰਿਵਾਰਾਂ ਦਾ ਬੋਲ ਬਾਲਾ ਸੀ। ਅੱਜ ਪੰਜਾਬ ਵਿੱਚ ਸਾਝੇ ਪਰਿਵਾਰ ਖਤਮ ਹੋ ਰਹੇ ਹਨ ਅਤੇ ਇਸ ਦਾ ਮੁੱਖ ਕਾਰਨ ਪੱਛਮੀ ਸੱਭਿਅਤਾ ਦਾ ਜੋਰ ਹੈ। ਕਿਉਂਕਿ ਪੱਛਮੀ ਦੇਸ਼ਾ ਵਿੱਚ ਤਾਂ ਸੰਯੁਕਤ ਪਰਿਵਾਰ ਦਾ ਖਾਤਮਾ ਪਹਿਲਾ ਹੀ ਹੋ ਚੁੱਕਾ ਹੈ ਹੁਣ ਸਾਡੀ ਵਿਆਹ ਸੰਸਧਾ ਨੂੰ ਕਾਫੀ ਜਿਆਦਾ ਖਤਰਾ ਹੈ। ਕਿਉਂਕਿ ਅੱਜ ਕੱਲ ਤਲਾਕ ਦਾ ਰੁਝਾਨ ਕਾਫੀ ਵੱਧ ਗਿਆ ਹੈ। ਪੱਛਮੀ ਦੇਸ਼ਾ ਵਿੱਚ ਤਾਂ ਇਹ ਪ੍ਰੰਪਰਾ ਪਹਿਲਾ ਤੋਂ ਹੀ ਰਹੀ ਹੈ। ਹੁਣ ਇਸ ਦਾ ਅਸਰ ਸਾਡੇ ਸੱਭਿਆਚਾਰ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ।

ਸੱਭਿਆਚਾਰ ਟਕਰਾਉ ਜਾਂ ਪਹਿਲੀ ਪੀੜੀ ਦਾ ਦੂਜੀ ਪੀੜੀ ਨਾਲ ਟਕਰਾਉ- ਸਾਡੀ ਪਹਿਲੀ ਪੀੜੀ ਜੋ ਕਿ ਪਰਦੇਸ਼ਾ ਵਿੱਚ ਗਈ ਤਾਂ ਉਹ ਆਪਣਾ ਸੱਭਿਆਚਾਰ ਵੀ ਲੈ ਕੇ ਗਈ ਜੋ ਲਗਾਤਾਰ ਉਹਨਾਂ ਦੇ ਪੱਛਮੀ ਸੱਭਿਆਚਾਰ ਨਾਲ ਜੁੜਦੀ ਰਹੀ । ਸੱਭਿਆਚਾਰ ਟਕਰਾਉਂ ਵਿੱਚ ਨਸਲੀ ਭੇਦ ਭਾਵ, ਧਾਰਮਿਕ, ਸਮਾਜਿਕ, ਆਰਥਿਕ ਪ੍ਰਬੰਧ ਵੀ ਸ਼ਾਮਿਲ ਹਨ। ਸਾਡੇ ਪੰਜਾਬੀ ਜੋ ਕਿ ਆਪਣੇ ਆਪ ਨੂੰ ਅਣਖ ਤੇ ਮਰਦ ਪ੍ਰਧਾਨ ਸਮਾਜ ਵਿੱਚੋਂ ਗਏ ਉਹਨਾਂ ਨੂੰ ਔਰਤਾਂ ਨਾਲ ਕੰਮ ਕਰਨਾ ਜਾਂ ਗੋਰੀਆ ਦੇ ਥੱਲੇ ਰਹਿ ਕੇ ਕੰਮ ਕਰਨਾ ਕਾਫੀ ਕਠਿਨ ਸੀ। ਕਿਉਂਕਿ ਪੱਛਮੀ ਸੱਭਿਅਤਾ ਔਰਤ ਤੇ ਮਰਦ ਨੂੰ ਬਰਾਬਰ ਮੰਨਦੀ ਹੈ। ਪਰ ਸਾਡੇ ਸੱਭਿਆਚਾਰ ਵਿੱਚ ਮਰਦ ਪ੍ਰਧਾਨ ਹੈ ਅਤੇ ਔਰਤ ਸਿਰਫ ਘਰ ਦੀ ਚਾਰ ਦੀਵਾਰੀ ਵਿੱਚ ਰਹਿਣ ਵਾਲੀ ਤੇ ਘਰ ਦਾ ਕੰਮ ਕਰਨ ਵਾਲੀ ਇਸਤਰੀ ਹੈ। ਸਾਡੀ ਔਰਤਾਂ ਦੀ ਪਹਿਲੀ ਪੀੜ੍ਹੀ ਤਾਂ ਇਹਨਾਂ ਸੰਸਕਾਰਾ ਦੀ ਪਾਲਣਾ ਕਰਦੀ ਰਹੀ ਪਰ ਦੂਜੀ ਪੀੜ੍ਹੀ ਛੇਤੀ ਹੀ ਪੱਛਮੀ ਰੰਗਵਿੱਚ ਰੰਗੀ ਗਈ। ਜਿਸ ਕਾਰਨ ਔਰਤ ਤੇ ਮਰਦ ਦੇ ਸੁਭਾਅ ਵਿੱਚ ਤਣਾਓ ਦੀ ਸਥਿਤੀ ਪੈਦਾ ਹੋ ਗਈ। ਸਾਡੇ ਅੱਜ ਕੱਲ ਦੇ ਜਵਾਕਾਂ ਤੇ ਵੀ ਸੱਭਿਆਚਾਰ ਦਾ ਪ੍ਰਭਾਵ ਕਾਫੀ ਹੱਦ ਤਕ ਦੇਖਣ ਨੂੰ ਮਿਲਦਾ ਹੈ। ਜੋ ਕਿ ਸਾਡੇ ਸੱਭਿਆਚਾਰ ਲਈ ਆਉਣ ਵਾਲਾ ਇੱਕ ਖਤਰਾ ਹੈ।

**ਪੱਛਮੀ ਦੇਸ਼ਾਂ ਵਿੱਚ ਜਾਣ ਦਾ ਵੱਧ ਰਿਹਾ ਰੁਝਾਣ** – ਸਾਡੇ ਦੇਸ਼ ਦੇ ਸਾਰੇ ਨੌਜਵਾਨ ਹੀ ਵਧੀਆਂ ਜਿੰਦਗੀ ਦੀਆਂ ਸਹੂਲਤਾਂ ਅਤੇ ਪੱਛਮੀ ਰੀਤੀ-ਰਿਵਾਜਾਂ ਕਰਕੇ ਬਾਹਰਲੇ ਮੁਲਕਾ ਵਿੱਚ ਜਾਂ ਰਹੇ ਹਨ। ਜਿਸ ਕਾਰਨ ਉਹ ਆਪਣਾ ਸੱਭਿਆਚਾਰ ਭੁੱਲ ਕੇ ਪੱਛਮੀ ਸੱਭਿਆਚਾਰ ਨੂੰ ਆਪਣਾ ਰਹੇ ਹਨ। ਅੱਜ ਕੱਲ ਦੇ ਮੁੰਡੇ ਕੁੜੀਆ ਨਸ਼ਿਆਂ ਵਿਚ ਪੈ ਕੇ ਪੱਬਾ, ਕਲੱਬਾ ਵਿਚ ਜਾ ਕੇ ਨੱਚਦੇ ਹਨ, ਜੋ ਕਿ ਸਾਡੇ ਸੱਭਿਆਚਾਰ ਦਾ ਹਿੱਸਾ ਨਾ ਹੋ ਕੇ ਪੱਛਮੀ ਸੱਭਿਆਚਾਰ ਦਾ ਅੰਗ ਹੈ ਇਹ ਸਾਡੇ ਸੱਭਿਆਚਾਰ ਨੂੰ ਇੱਕ ਘੁਣ ਵਾਗ ਖਾ ਰਿਹਾ ਹੈ ਤੇ ਅੰਦਰੋ-ਅੰਦਰੀ ਖੋਖਲਾ ਕਰ ਰਿਹਾ ਹੈ ਅਤੇ ਸਾਡੀਆ ਆਉਣ ਵਾਲੀਆਂ ਨਸਲਾਂ ਨੂੰ ਬਰਬਾਦ ਕਰ ਰਿਹਾ ਹੈ।

**ਪਰਵਾਸੀ ਸੱਭਿਆਚਾਰ ਵਿੱਚ ਔਰਤਾਂ ਦੇ ਅਰਮਾਨ** – ਪਰਵਾਸੀ ਸੱਭਿਆਚਾਰ ਵਿੱਚ ਔਰਤ ਦੇ ਅਰਮਾਨ ਪਿਸ ਕੇ ਰਹਿ ਗਏ ਹਨ ਕਿਉਂਕਿ ਉਹਨਾਂ ਨੂੰ ਅਨੇਕਾਂ ਹੀ ਪਰਸਥਿਤੀਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਬੰਧੀ ਅਮਰੀਕਾ ਦੀ ਸ਼ਾਇਰ ਨਵਦੀਪ ਕੌਰ ਦੀਆਂ ਕਵਿਤਾਵਾਂ ਵਿੱਚ ਔਰਤਾਂ ਦੀ ਪੀੜ੍ਹਾ ਦਾ ਚਿਤਰਣ ਬਾਖੂਬੀ ਕੀਤਾ ਗਿਆ ਹੈ।

ਜਿਵੇਂ:-

ਧੀ ਚੱਲੀ ਸਹੁਰੇ, ਸਹੁਰਾ ਘਰ ਪਰਦੇਸ,
ਨਾ ਕੋਈ ਭੈਣ, ਭਾਬੀ, ਨਾ ਬੋਲੀ ਆਪਣੀ
ਨਾ ਸੱਖਿਤਾ ਤੇ ਨਾ ਹੀ ਉਹ ਬਾਲ ਵਰੇਸ
ਸੀ ਚੱਲੀ ਸਹੁਰੇ ਸਹੁਰਾ ਘਰ ਪਰਦੇਸ਼

**ਪਰਵਾਸੀਆਂ ਦੇ ਪ੍ਰਭਾਵ ਨਾਲ ਪੰਜਾਬੀ ਸੱਭਿਆਚਾਰ ਦੀ ਮੱਹਤਤਾ ਵਿੱਚ ਆਈਆਂ ਤਬਦੀਲੀਆਂ:-**

**ਵਿਅਕਤੀਗਤ ਸੁਤੰਤਰਤਾ ਦੀ ਭਾਵਨਾ** – ਪ੍ਰਦੇਸ਼ਾ ਵਿੱਚ ਵਿਅਕਤੀਗਤ ਸੁਤੰਤਰਤਾ ਦੀ ਭਾਵਨਾ ਵਧੇਰੇ ਹੁੰਦੀ ਹੈ ਅਤੇ ਛੋਟੇ ਪਰਿਵਾਰ ਜਿਆਦਾ ਹੁੰਦੇ ਹਨ ਜਿਵੇਂ ਕਿ ਕਿਹਾ ਜਾਂਦਾ ਹੈ ਕਿ ਪ੍ਰਦੇਸ਼ਾ ਵਿੱਚ ਪਰਿਵਾਰ ਉਨ੍ਹਾਂ ਸ਼ਕਤੀਸ਼ਾਲੀ ਨਹੀਂ ਹੁੰਦਾ ਜਿਨ੍ਹਾਂ ਕਿ ਸਾਡੇ ਦੇਸ਼ ਵਿੱਚ ਹੁੰਦਾ ਹੈ।

**ਆਪਸੀ ਪ੍ਰੇਮ-ਪਿਆਰ ਦੀ ਘਾਟ** – ਵਿਦੇਸ਼ਾ ਵਿੱਚਨੇੜੇ ਤੇੜੇ ਦੇ ਲੋਕਾਂ ਨਾਲ ਪਿਆਰ ਦੀ ਭਾਵਨਾ ਘੱਟ ਹੁੰਦੀ ਹੈ ਕਿਉਂਕਿ ਉਹਨਾਂ ਕੋਲ ਨਾ ਤਾ ਟਾਇਮ ਹੁੰਦਾ ਹੈ ਅਤੇ ਨਾਂ ਹੀ ਗੱਲ ਕਰਨ ਦਾ ਕੋਈ ਇਰਾਦਾ ਪਰ ਸਾਡੇ ਦੇਸ਼ ਵਿੱਚ ਪਿੰਡਾ ਦੇ ਲੋਕ ਜਿਆਦਾਤਰ ਆਪਸ ਵਿੱਚ ਮਿਲ ਕੇ ਰਹਿੰਦੇ ਹਨ ਅਤੇ ਰੋਜ਼ ਦੀ ਤਰ੍ਹਾਂ ਇਕ ਦੂਜੇ ਦਾ ਹਾਲ-ਚਾਲ ਪੁੱਛਦੇ ਹਨ।

**ਨੈਤਿਕਤਾ ਦੀ ਕਮੀ** – ਵਿਦੇਸ਼ਾ ਵਿੱਚ ਲੋਕਾਂ ਵਿੱਚ ਨੈਤਿਕਤਾ ਦਾ ਪੱਧਰ ਕਾਫੀ ਨੀਵਾ ਹੁੰਦਾ ਹੈ ਉਹਨਾਂ ਵਿੱਚ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਦੀ ਘਾਟ ਹੁੰਦੀ ਹੈ। ਉਹਨਾਂ ਲੋਕਾਂ ਦਾ ਚਾਲ-ਚਲਣ ਕਾਫੀ ਅਗੱਲ ਹੁੰਦਾ ਹੈ। ਉਹ ਜਿਆਦਾਤਰ ਵਧਾਰਿਕ ਲੋਕਾਂ ਨਾਲ ਹੀ ਮੇਲ ਮਿਲਾਪ ਰੱਖਦੇ ਹਨ।

**ਰਹਿਣ-ਸਹਿਣ ਦੇ ਪੱਧਰ ਵਿੱਚ ਅੰਤਰ** – ਪਰਵਾਸੀਆ ਦਾ ਰਹਿਣ ਸਹਿਣ ਦਾ ਪੱਧਰ ਕਾਫੀ ਉੱਚਾ ਹੁੰਦਾ ਹੈ। ਉਹ ਲੋਕ ਚੰਗਾ ਖਾਦੇ ਪੀਂਦੇ ਹਨ ਅਤੇ ਚੰਗਾ ਹੀ ਪਹਿਨਦੇ ਹਨ ਜਦ ਕਿ ਸਾਡੇ ਸੱਭਿਆਚਾਰ ਵਿੱਚ ਲੋਕ ਸਾਦਾ ਖਾਂਦੇ ਅਤੇ ਸਾਦਾ ਪਹਿਨਦੇ ਹਨ।

**ਬਣਾਉਟੀਪਣ ਦੀ ਭਾਵਨਾ** – ਪਰਵਾਸੀ ਲੋਕਾਂ ਵਿੱਚ ਜਿਆਦਾ ਦਿਖਾਵਾ ਹੁੰਦਾ ਹੈ ਉਹ ਬਣਾਉਂਟੀ ਜਿੰਦਗੀ ਨੂੰ ਜਿਆਦਾ ਜਿਉਂਦੇ ਹਨ ਅਤੇ ਅਸਲੀ ਜਿੰਦਗੀ ਤੋਂ ਕਾਫੀ ਦੂਰ ਰਹਿੰਦੇ ਹਨ। ਉਹ ਜਿਆਦਾ ਬਣ-ਠਣ ਕੇ ਰਹਿੰਦੇ ਹਨ ਅਤੇ ਸਾਡੇ ਪੰਜਾਬ ਵਿੱਚ ਆ ਕੇ ਬਹੁਤ ਜਿਆਦਾ ਦਿਖਾਵਾ ਕਰਦੇ ਹਨ। ਪਰ ਸਾਡੇ ਪੰਜਾਬ ਦੇ ਲੋਕ ਦਿਖਾਵਾ ਪਸੰਦ ਨਹੀਂ ਕਰਦੇ। ਪਰ ਅੱਜ ਦੇ ਦੌਰ ਵਿੱਚ ਸਾਡੇ ਪੰਜਾਬੀਆਂ ਦੇ ਰਿਸ਼ਤਿਆ ਵਿੱਚ ਵੀ ਕਾਫੀ ਬਣਾਉਟੀਪਣ ਦੀ ਭਾਵਨਾ ਦਾ ਵਿਕਾਸ ਹੋਇਆ ਹੈ। ਇਹ ਪ੍ਰਭਾਵ ਪੱਛਮੀ ਪ੍ਰਭਾਵ ਕਰਕੇ ਹੀ ਪਿਆ ਹੈ।

**ਮੁਕਾਬਲੇ ਦੀ ਭਾਵਨਾ** – ਅੱਜ ਕੱਲ ਦੇ ਲੋਕਾਂ ਵਿੱਚ ਮੁਕਾਬਲੇ ਦੀ ਭਾਵਨਾ ਦਾ ਜਿਆਦਾ ਵਿਕਾਸ ਹੋਇਆ ਕਿ ਕਿਉਂਕਿ ਹਰ ਇਨਸਾਨ ਅੱਗੇ ਨਿਕਲਣਾ ਚਾਹੁੰਦਾ ਹੈ ਅਤੇ ਬਹੁਤ ਜਿਆਦਾ ਪੈਸਾ ਕਮਾਉਣਾ ਚਾਹੁੰਦਾ ਹੈ। ਇਹ ਪ੍ਰਭਾਵ ਵੀ ਪੱਛਮੀ ਸੱਭਿਆਚਾਰ ਦੀ ਤਬਦੀਲੀ ਕਾਰਨ ਹੀ ਹੋਇਆ ਹੈ।

**ਸਿੱਟਾ** – ਉਰੋਕਤ ਸਾਰੇ ਅਧਿਐਨ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਪਰਵਾਸ ਦਾ ਸਾਡੇ ਪੰਜਾਬੀ ਸੱਭਿਆਚਾਰ ਤੇ ਪ੍ਰਭਾਵ ਕਾਫੀ ਮਾਤਰਾ ਵਿੱਚ ਪਿਆ ਹੈ ਜਿਸ ਨੂੰ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਇਸ ਨੇ ਸਾਡੇ ਸੱਭਿਆਚਾਰ ਵਿੱਚ ਨਵੀਆਂ ਕਦਰਾਂ-ਕੀਮਤਾ, ਨਵੇਂ ਰੀਤੀ-ਰਿਵਾਜ਼ਾ ਨੂੰ ਜਨਮ ਦਿੱਤਾ ਹੈ। ਇਸ ਨਾਲ ਸਾਡੇ ਪੁਰਵਜਾ ਦੀਆਂ ਨੀਤੀਆ ਉਤੇ ਸਾਡੇ ਸੰਸਕਾਰ ਪੂਰੀ ਤਰ੍ਹਾਂ ਟੁੱਟ ਗਏ ਹਨ। ਇਸ ਨਾਲ ਪਹਿਲੀ ਪੀੜ੍ਹੀ ਦਾ ਦੂਜੀ ਪੀੜ੍ਹੀ ਨਾਲ ਟਕਰਾਉ ਕਾਫੀ ਵੱਧ ਗਿਆ ਹੈ। ਲੋਕਾਂ ਦਾ ਧਰਮ ਤੋਂ ਵਿਸ਼ਵਾਸ਼ ਉੱਠ ਗਿਆ ਹੈ ਅਤੇ ਲੋਕਾਂ ਵਿੱਚ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਰਾਵੇ ਨੂੰ ਲੈ ਕੇ ਕਾਫੀ ਬਦਲਾਅ ਆਇਆ ਹੈ। ਪਰਵਾਸ ਨੇ ਪੰਜਾਬੀ ਸੱਭਿਆਚਾਰ ਤੇ ਆਪਣਾ ਪ੍ਰਭਾਵ ਕਾਫੀ ਮਾਤਰਾ ਵਿੱਚ ਪਾਇਆ ਹੈ ਅਤੇ ਸਾਡੇ ਪੰਜਾਬੀ ਸੱਭਿਆਚਾਰ ਨੂੰ ਲੀਰੋ ਲੀਰ ਕਰ ਦਿੱਤਾ ਹੈ। ਜੇਕਰ ਅਸੀਂ ਆਪਣੇ ਦੇਸ਼ ਨੂੰ ਪੱਛਮੀ ਪ੍ਰਭਾਵ ਤੋਂ ਮੁਕਤ ਕਰਨਾ ਹੈ ਤਾਂ ਸਾਨੂੰ ਸਾਡੇ ਦੇਸ਼ ਵਿੱਚ ਰਹਿ ਕੇ ਹੀ ਤੱਰਕੀ ਦੇ ਨਵੇਂ ਰਾਹ ਖੋਜਣੇ ਪੈਣਗੇ ਤਾਂ ਹੀ ਅਸੀਂ ਆਪਣੇ ਸੱਭਿਆਚਾਰ ਨੂੰ ਬਚਾ ਸਕਾਂਗੇ।

**ਅਧਿਐਨ ਦਾ ਪ੍ਰਭਾਵ** – ਅਸੀ ਆਪਣੇ ਅਧਿਐਨ ਵਿੱਚ ਪਰਵਾਸ ਦਾ ਪੰਜਾਬੀ ਸੱਭਿਆਚਾਰ ਉੱਤੇ ਪੈ ਰਿਹਾ ਪ੍ਰਭਾਵ ਨੂਮ ਆਪਣੇ ਕੋਜ ਵਿਚੱ ਸ਼ਾਮਿਲ ਕੀਤਾ ਹੈ। ਕਿਉਂਕਿ ਇਸ ਅਧਿਐਂ ਰਾਹੀਂ ਸਾਨੂੰ ਪਰਵਾਸ ਦੇ ਪੰਜਾਬੀ ਸੱਭਿਆਚਾਰ ਤੇ ਪੈ ਰਹੇ ਪ੍ਰਭਾਵਾ ਬਾਰੇ ਜਾਣਕਾਰੀ ਮਿਲਦੀ ਹੈ। ਪਰਵਾਸ ਦਾ ਪ੍ਰਭਾਵ ਕਾਫੀ ਹੱਦ ਤੱਕ ਸਾਨੂੰ ਅਤੇ ਸਾਡੇ ਦੇਸ਼ ਦੇ

ਸੱਭਿਆਚਾਰ ਨੂੰ ਪ੍ਰਭਾਵਿਤ ਕਰਦਾ ਹੈ। ਇਹ ਪ੍ਰਭਾਵਾ ਨੂੰ ਸਮਝਣ ਲਈ ਕਾਫੀ ਮਹੱਤਪੂਰਨ ਹੋਵੇਗਾ। ਇਹਨਾਂ ਪ੍ਰਭਾਵਾਂ ਨੂੰ ਜਾਣ ਕੇ ਅਸੀਂ ਆਪਣੇ ਸੱਭਿਆਚਾਰ ਨੂੰ ਬਚਾ ਸਕਦੇ ਹਾਂ। ਇਸ ਨੂੰ ਸਾਨੂੰ ਸਭ ਨੂੰ ਮਿਲ ਕੇ ਹੰਬਲਾ ਮਾਰਨ ਦੀ ਲੋੜ ਹੈ ਅਸੀ ਪਰਵਾਸ ਮਨੁੱਖੀ ਜਿੰਦਗੀ ਦਾ ਇਕ ਅੰਗ ਬਣ ਚੁੱਕਾ ਹੈ ਪਰ ਅਸੀਂ ਪਰਵਾਸ ਵਿੱਚ ਰਹਿ ਕੇ ਆਪਣੇ ਸੱਭਿਆਚਾਰ ਨਾਲੋਂ ਟੁੱਟ ਵੀ ਨਹੀਂ ਸਕਦੇ ਕਿਉਂਕਿ ਇਹ ਸਾਡਾ ਸੱਭਿਆਚਾਰ ਸਾਨੂੰ ਵਿਰਾਸਤ ਵਿਚੋਂ ਮਿਲਿਆ ਹੈ ਅਤੇ ਸਾਨੂੰ ਇਸ ਨੂੰ ਸਾਂਭ ਕੇ ਰੱਖਣਾ ਚਾਹੀਦਾ ਹੈ।

**ਪੁਸਤਕ ਸੂਚੀ**


- ਆਰ.ਐਮ. ਮੈਕਾਇਵਰ ਤੇ ਚਾਰਲਸ ਐਚ. ਫੇਜ. ਸਮਾਜ. ਫ. 22
- ਟੀ.ਡੀ.ਸੀ. ਸਮਾਜ ਵਿਗਿਆਨ ਫ.55.
- ਸ਼ਰਮਾ, ਗੁਰਦੀਪ ਕੁਮਾਰ. (ਡਾ.) (ਸੰਪਾ.) ਪੰਜਾਬੀ ਸੱਭਿਆਚਾਰ ਦੇ ਬਦਲਦੇ ਪਰਿਪੇਖ ਫ.32.
- ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਡਾ. ਜਸਵਿੰਦਰ ਸਿੰਘ, ਪੰਨਾ 188
- ਸੰਪਾਦਰਕ ਤੀਰਥ ਸਿੰਘ ਸਵਤੰਤ੍ਰ, ਪੰਜਾਬੀ ਸੱਭਿਆਚਾਰ ਪੰਜਾਬੀ ਸੱਭਿਆਚਾਰਕ ਕੇਂਦਰ ਪ੍ਰਕਾਸ਼ਕ ਪੰਨਾ ਨੰਬਰ-56
- ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਡਾਂ. ਜੀਤ ਸਿੰਘ ਜੋਸ਼ੀ ਪੰਨਾ ਨੰਬਰ 69 ਤੋਂ 70.
- ਡਾ. ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਗਰੇਸ਼ੀਅਸ ਪ੍ਰਕਾਸ਼ਨ, ਪੰਨਾ ਨੰਬਰ 168
- ਪ੍ਰਕਾਸ਼ ਸਿੰਘ ਜੰਮੂ, ਜਾਤ ਪ੍ਰਣਾਲੀ ਅਤੇ ਪੰਜਾਬੀ ਸਮਾਜ।
- ਗੁਰਦਿਆਲ ਸਿੰਘ ਕੋਟ ਭਾਈ, ਪੰਜਾਬ ਵਿੱਚ ਜਾਤ ਤੇ ਪੇਸ਼ਾ; ਬਦਲਦੇ ਰੁਝਾਨ, ਪੰਨਾ:125
- ਗੁਰਬਖਸ਼ ਸਿੰਘ ਫ਼ਰੇਕ, ਸੱਭਿਆਚਾਰ ਪੰਜਾਬੀ ਸੱਭਿਆਚਾਰ, ਵਾਰਿਸ ਸ਼ਾਹ ਫਾਉਡੇਸ਼ਨ, 2015, ਪੰਨਾ ਨੰ 101-113-115-130-31.
- ਜੱਜ, ਪਰਮਜੀਤ ਸਿੰਘ (2005) ਪਰਵਾਸੀ ਪੰਜਾਬੀ ਇਤਿਹਾਸਕ ਤੇ ਸਮਾਜਿਕ ਸੰਦਰਭ, ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ. ਫ.9
- ਜੱਜ, ਪਰਮਜੀਤ ਸਿੰਘ (2005) ਪਰਵਾਸੀ ਪੰਜਾਬੀ ਇਤਿਹਾਸਕ ਤੇ ਸਮਾਜਿਕ ਸੰਦਰਭ, ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ. ਫ.10
- ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (1999), ਪਰਵਾਸੀ ਪੰਜਾਬੀ ਸਾਹਿਤ ਮੁੱਲ ਤੇ ਮੁਲਾਂਕਣ, ਮਦਾਨ ਪਬਲੀਕੇਸ਼ਨ, ਪੰਜਾਬੀ ਯੂਨੀਵਰਸਿਟੀ ਪਟਿਆਲਾ. ਫ. 93.
- ਸਿੰਘ, ਦੀਦਾਰ (2002), ਪਰਵਾਸੀ ਪੰਜਾਬੀ ਨਾਵਲ, ਅਧਿਐਨਤੇ ਮੁਲਾਂਕਣ ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਭਾਸ਼ਾ ਫ਼ੈਕਲਟੀ ਅਧੀਨ ਪੀ-ਐੱਚ ਡਿਗਰੀ ਲਈ ਪ੍ਰਸ਼ਤੁਤ. ਫ.193.
- ਬਾਹਲ. ਢਾ. ਅਕਵਿੰਦਰ ਕੌਰ (2007), ਪਰਵਾਸੀ ਪੰਜਾਬੀ ਨਾਰੀ ਕਥਾ-ਜਗਤ ਦਸ਼ਾ ਅਤੇ ਦਿਸ਼ਾ, ਪਟਿਆਲਾ, ਪੀ. ਖੇ. ਪਬਲੀਕੇਸ਼ਨ, ਪਟਿਆਲਾ. ਫ. 95.
- ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (1999), ਪਰਵਾਸੀ ਪੰਜਾਬੀ ਸਾਹਿਤ ਮੁੱਲ ਤੇ ਮੁਲਾਂਕਣ ਪਟਿਆਲਾ: ਮਦਾਨ ਪਬਲੀਕੇਸ਼ਨ, ਪੰਜਾਬੀ ਯੂਨੀਵਰਸਿਟੀ ਪਟਿਆਲਾ. ਫ. 29.
- ਜਸਵਿੰਦਰ ਸਿੰਘ (ਡਾ.) ਪੰਜਾਬੀ ਸੱਭਿਆਚਾਰ ਦੇ ਪਹਿਚਾਣ ਚਿੰਨ੍ਹ। ਗ੍ਰੇਸ਼ੀਅਰ, ਪਟਿਆਲਾ। ਪੰਨਾ ਨੰਬਰ 10-11

**ਵੈਬ ਸਾਇਟਸ**

en.wikipedia.org
https://pa.wikipedia.org
punjabipedia.org
https://pa.wikipedia org

**ਅਖ਼ਬਾਰਾਂ**

ਪੰਜਾਬੀ ਟ੍ਰਿਬਿਊਨ
ਅਜੀਤ
ਰੋਜ਼ਾਨਾ ਸਪੋਕਸਮੈਨ
ਪਹਿਰੇਦਾਰ
ਜੱਗ ਬਾਣੀ